# ਯਿਸੂ ਅਤੇ ਉਹਦੇ ਚੇਲਿਆ ਦਾ ਸੁੱਭ ਸਮਾਚਾਰ ਘੋਸ਼ਣਾ ਕਰਨਾ।

## ਜਿਹੜੇ ਬੱਚਿਆਂ ਨੂੰ ਪੜਾਉਂਦੇ ਹਨ ਉਹ ਪੜਾਈ ਕਰਨ M2b

ਸੀਹ ਪ੍ਰਭੂ ਯੀਸ਼ੂ ਦੀ ਮੌਤ ਅਤੇ ਜੀਅ ਉਠਣ ਦੇ ਸੁੱਭ ਸਦੇਸ਼ ਦੀ ਅਤੇ ਉਹਦੀ ਮਾਫ ਕਰਨ ਅਤੇ ਮਨ ਫਿਰਾਉਣ, ਅਤੇ ਵਿਸ਼ਵਾਸੀਆ ਨੂੰ ਸਦਾ ਦਾ ਜੀਵਨ ਦੇਣ ਦਾ ਵਾਹਿਦਾ ਕਰਦੇ ਹਨ (ਲੂੱਕਾ 24:46–48)

### 1. ਆਪਣੇ ਦਿਲਾਂ ਨੂੰ ਸੁੱਭ ਸਦੇਸ਼ ਦੀ ਘੋਸ਼ਣਾ ਕਰਨ ਵਾਸਤੇ ਤਿਆਰ ਕਰਨਾ।

ਚੰਗੇ ਰਸੂੰਲ ਲੋਕਾਂ ਨੂੰ, ਆਪਣੇ ਪਾਪਾਂ ਦੀ ਮਾਫੀ ਅਤੇ ਪ੍ਰਭੂ ਯੀਸ਼ੂ ਵਿੱਚ ਵਿਸ਼ਵਾਸ ਕਰਨ ਲਈ ਅੱਗੇ ਵਧਾਉਂਦੇ ਹਨ। ਜਦੋਂ ਅਸੀ ਲੋਕਾਂ ਨੂੰ ਸੁੱਭ ਸਦੇਸ਼ ਦੱਸਦੇ ਹਾਂ, ਤਦ ਪਵਿੱਤਰ ਆਤਮਾ ਉਨ੍ਹਾਂ ਨੂੰ ਮਨ ਫਿਰਾਉਣ ਅਤੇ ਵਿਸ਼ਵਾਸ ਕਰਨ ਲਈ ਪ੍ਰੇਰਨਾ ਦਿੰਦੀ ਹੈ।

ਪ੍ਰਭੂ ਯਿਸ਼ੂ ਦੇ ਸੁੱਭ ਸਮਾਚਾਰ ਅਤੇ ਸਹੀ ਤਰੀਕੇ ਨਾ ਸਮਝਣ ਲਈ, ਜੀਅ ਮਾਫ ਕਰਨ ਅਤੇ ਸਦਾ ਦਾ ਜੀਵਨ ਦਿੰਦਾ ਹੈ, ਉਹਦੇ ਲਈ ਹੇਠ ਦਿੱਤੇ ਗਏ ਬਾਈਬਲ ਦੇ ਪਾਠਾ ਨੂੰ ਧਿਆਨ ਨਾਲ ਪੜੋ।

ਲੂਕਾ 18-31-34 ਵਿੱਚ ਲੱਭੋ ਕਿ ਪ੍ਰਭੂ ਯੀਸ਼ੂ ਨੇ ਆਪਣੀ ਮੌਤ ਨਾਲ, ਪਹਿਲੇ ਹੋਰ ਜੀਅ ਉੱਠਣ ਦੇ ਬਾਰੇ ਕੀ ਭਵਿੱਖਵਾਣੀ ਕੀਤੀ

- ਉਹਦੀ ਮੌਤ ਕਿਥੇ ਹੋਵੇਗੀ?
- ਗੈਰ ਕੌਮਾਂ ਉਹਦੇ ਨਾਲ ਕੀ ਕਰਨਗੀਆਂ।
- ਪ੍ਰਭੂ ਯਿਸ਼ੂ ਆਪਣੇ ਆਪ ਤਿੰਨ ਦਿਨਾ ਬਾਦ ਕੀ ਕਰੇਗਾ?

ਲੂਕਾ 24:5–9 ਵਿੱਚ ਲੱਭੋ ਕਿ ਦੋ ਸੰਦੇਸ਼ ਦੇਣ ਵਾਲਿਆਂ ਨੇ ਕੁੱਝ ਔਰਤਾਂ ਨੂੰ ਪ੍ਰਭੂ ਯੀਸ਼ੂ ਬਾਰੇ ਕੀ ਦੱਸਿਆ?

- ਪਾਪੀਆ ਨੇ ਉਹਦੇ ਨਾਲ ਕੀ ਕੀਤਾ?
- ਉਹਦੀ ਮੌਤ ਕਿਸ ਤਰਾ ਹੋਈ?
- ਉਨ੍ਹਾਂ ਨੇ ਤਿੰਨ ਦਿਨਾ ਬਾਦ ਕੀ ਕੀਤਾ?

ਲੂਕਾ 24:36–48 ਵਿੱਚ ਲੱਭੋ ਕਿ ਪ੍ਰਭੂ ਯੀਸ਼ੂ ਨੇ ਆਪਣੀ ਮੌਤ ਅਤੇ ਜੀਅ ਉਠਣ ਦੇ ਬਾਦ ਆਪਣੇ ਆਪ ਕੀ ਘੋਸ਼ਣਾ ਕੀਤੀ

- ਪ੍ਰਭੂ ਯਿਸ਼ੂ ਨੇ ਕਿਵੇ ਪ੍ਰਭਾਵ ਦਿਖਾਇਆ ਕਿ ਉਹ ਸੱਚਮੁਚ ਮੌਤ ਤੋਂ ਜੀਵਨ ਵਿੱਚ ਪਹੁੰਚ ਚੁੱਕਿਆ ਹੈ (ਆਇਤ 36–43)
- ਕਿਹੜੇ ਪਵਿੱਤਰ ਸ਼ਾਸਤਰ ਅਤੇ ਪਵਿੱਤਰ ਲੋਕਾ ਨੇ ਉਹਦੀ ਮੌਤ ਅਤੇ ਉਹਦੇ ਜੀ ਉੱਠਣ ਬਾਰੇ ਭਵਿੱਖਵਾਣੀ ਕੀਤੀ (44–45)
- ਉਸਨੂੰ ਆਪਣੇ ਆਪ ਤਿੰਨਾ ਦਿਨਾ ਤੋਂ ਦੁੱਖ ਪਾ ਕੇ ਕੀ ਕਰਨਾ ਪਿਆ (46)
- ਸਾਨੂੰ ਵਿਸ਼ਵਾਸੀ ਲੋਕਾਂ ਨੂੰ ਹਰ ਜਗ੍ਹਾ ਤੇ ਕਿਹੜੀ ਗੱਲ ਬਾਰੇ ਘੋਸ਼ਣਾ ਕਰਨੀ ਚਾਹੀਦੀ ਹੈ? (47)
- ਪ੍ਰਭੂ ਯੀਸ਼ੂ ਦੇ ਚੇਲਿਆਂ ਦੇ ਇਨ੍ਹਾਂ ਗੱਲਾ ਬਾਰੇ ਕੀ ਕੀਤਾ? (48)

ਰਸੂੰਲਾ ਦੇ ਕਰਤਬ 2:21–24 ਅਤੇ 37–38 ਵਿੱਚ ਲੱਭੋ, ਉਸ ਸਦੇਸ਼ ਦੇ ਬਾਰੇ, ਜਿਹੜਾ ਪਤਰਸ ਨੇ ਯਹੂਦੀਆਂ ਨੂੰ ਦਿੱਤਾ

- ਪਤਰਸ ਨੇ ਪ੍ਰਭੂ ਯੀਸ਼ੂ ਦੀ ਮੌਤ ਅਤੇ ਜੀ ਉਠਣ ਬਾਰੇ ਕੀ ਕਿਹਾ। (2:21–24)
- ਯਹੂਦੀਆਂ ਨੂੰ ਮਾਫੀ ਅਤੇ ਪਵਿੱਤਰ ਆਤਮਾ ਪਾਉਣ ਵਾਸਤੇ ਕੀ ਕਰਨਾ ਪਿਆ? (2:37–38)

ਰਸੂੰਲਾ ਦੇ ਕਰਤਬ 26:19–23 ਵਿੱਚ ਲੱਭੋ, ਕਿ ਪੌਲੂਸ ਨੇ ਗੈਰ ਕੌਮਾ ਦੇ ਲੋਕਾਂ ਵਾਸਤੇ ਕੀ ਘੋਸ਼ਣਾ ਕੀਤੀ?

- ਗੈਰ ਕੌਮਾ ਨੂੰ ਕੀ ਕਰਨਾ ਪਿਆ (20) (ਧਿਆਨ ਕਰੋ ਕਿ ਪਰਮੇਸ਼ਵਰ ਚਾਹੁੰਦਾ ਹੈ ਕਿ ਯਹੂੰਦੀ ਅਤੇ ਗੈਰ ਕੌਮਾ ਬਚਣ ਵਾਸਤੇ ਮਨ ਨੂੰ ਫਿਰਾਉਣ)
- ਯੀਸ਼ੂ ਦੀ ਮੌਤ ਅਤੇ ਜੀਅ ਉਠਣ ਦੇ ਬਾਰੇ ਵਿੱਚ (23)

ਰੋਮੀਉ 6:18–19 ਵਿੱਚੋ ਲੱਭੋ ਕਿ ਸਾਨੂੰ ਆਤਮਿਕ ਰੂਪ ਵਿੱਚ ਕੀ ਹੁੰਦਾ ਹੈ, ਜਦੋ ਅਸੀ ਬਪਤਿਸਮਾ ਲੈਦੇ ਹਾਂ

- ਜਦੋ ਯੀਸ਼ੂ ਮਰਿਆ, ਤਾਂ ਉਹਦੇ ਨਾਲ ਹੋਰ ਕਿਹਦੀ ਮੌਤ ਹੋਈ? (8–9)
- ਜਦੋ ਯੀਸ਼ੂ ਜਿੰਦਾ ਹੋ ਗਿਆ, ਤਾ ਉਹਦੇ ਨਾਲ ਹੋਰ ਵੀ ਕੋਈ ਜਿੰਦਾ ਹੋਇਆ?

**2. ਆਪਣੇ ਨਾਲ ਕੰਮ ਕਰਨ ਵਾਲੇ ਸਾਥੀਆਂ ਨਾਲ, ਹਫਤੇ ਵਿੱਚ ਹੋਣ ਵਾਲੀਆਂ ਚੀਜਾਂ ਬਾਰੇ ਯੋਜਨਾ ਬਣਾਉ।**

ਜਿਹੜੇ ਵਿਸ਼ਵਾਸ ਨਹੀ ਕਰਦੇ ਉਨਾ ਕੋਲ ਜਾਉ, ਅਤੇ ਜੋ ਪ੍ਰਭੂ ਯੀਸ਼ੂ ਮਸੀਹ ਦੀ ਸ਼ਕਤੀ ਨਾਲ ਚੰਗੇ ਹੋਏ ਹਨ, ਉਨਾ ਨੂੰ ਸੁੱਭ ਸਦੇਸ਼ ਬਾਰੇ ਦੱਸੋ ਅਤੇ ਸਮਝਾਉ, ਅਤੇ ਇਨ੍ਹਾਂ ਵਾਹਦਿਆਂ ਬਾਰੇ ਉਨ੍ਹਾਂ ਨੂੰ ਦੱਸੋ, ਰੋਮੀਉ 5:10 ਅਤੇ 10:9–10 ਜਿਹੜੇ ਪਾਏ ਜਾਦੇ ਹਨ।

ਆਪਣੇ ਨਾਲ ਕੰਮ ਕਰਨ ਵਾਲੇ ਸਾਥੀਆ ਨਾਲ ਗੱਲਬਾਤ ਕਰੋ, ਕਿ ਕਿਵੇ ਤੁਸੀ ਅਤੇ ਉਹ ਪਰਮੇਸ਼ਵਰ ਦੇ ਵਚਨ ਦਾ ਪ੍ਰਚਾਰ ਕਰਦੇ ਆਏ ਹਨ। ਅਤੇ ਇਹ ਯੋਜਨਾ ਬਨਾਉਣ ਕਿ ਪ੍ਰਭੂ ਯੀਸ਼ੂ ਮਰ ਗਿਆ, ਫਿਰ ਜਿੰਦਾ ਹੋ ਗਿਆ ਅਤੇ ਲੋਕਾਂ ਨੂੰ ਆਪਣਾ ਪੁਰਾਣਾ ਜੀਵਨ ਛੱਡ ਕੇ, ਨਵੇ ਜੀਵਨ ਦੇ ਲਈ ਮਸੀਹ ਯਿਸ਼ੂ ਵਿੱਚ ਵਿਸ਼ਵਾਸ ਰੱਖਣਾ ਚਾਹੀਦਾ ਹੈ।

ਤਸਵੀਰਾਂ ਨੂੰ ਇਸਤੇਮਾਲ ਕਰੋ। ਜੇਕਰ ਤੁਹਾਡੇ ਸੰਸਕਾਰ ਧਾਰਮਿਕ ਵਿਸ਼ੇ ਦੀ ਤਸਵੀਰ ਦੀ ਆਗਿਆ ਦਿੰਦੇ ਹਨ ਤਾਂ ਆਮ ਤਸਵੀਰ ਬਣਾਉ। ਜਿਹੜੀ ਤੁਸੀਂ, ਅਤੇ ਵਿਸ਼ਵਾਸੀ, ਦੂਜਿਆਂ ਲੋਕਾ ਨੂੰ ਦਿਖਾ ਸਕਣ, ਜਦੋ ਉਹ ਪ੍ਰਭੂ ਯੀਸ਼ੂ ਦਾ ਸੁੱਭ ਸਦੇਸ਼ ਸੁਣਦੇ ਹਨ। ਉਪਰ ਦਿੱਤੇ ਗਈਆਂ ਆਮ ਤਸਵੀਰਾ ਇਹਦੀਆਂ ਉਦਾਹਰਣ ਹਨ।

ਜਿਨ੍ਹਾਂ ਵਿਸ਼ਵਾਸੀਆਂ ਨੇ ਬਪਤਿਸਮਾ ਲਿਆ ਹੈ, ਉਨਾ ਕੋਲ ਜਾਉ, ਜਿਹੜੇ ਨਿਰਾਸ ਦੱਬੇ ਹੋਏ ਅਤੇ ਜਿਨ੍ਹਾਂ ਦੇ ਮਨ ਵਿੱਚ ਸ਼ੱਕ ਹੈ, ਉਨ੍ਹਾਂ ਨੂੰ ਮਸੀਹ ਦੀ ਸ਼ਕਤੀ ਬਾਰੇ ਦੱਸੋ, ਜਿਹੜੀ ਉਨਾ ਨੂੰ ਧਾਰਮਿਕ ਜੀਵਨ ਵਾਸਤੇ ਹੋਸਲਾ ਦੇ ਸਕੇ। ਤੁਸੀ ਰੋਮੀਉ 6:1–14 ਦਾ ਪ੍ਰਯੋਗ ਕਰ ਸਕਦੇ ਹੋ।

**3. ਤੁਸੀ ਆਪਣੇ ਨਾਲ ਕੰਮ ਕਰਨ ਵਾਲੇ ਸਾਥੀਆ ਨਾਲ ਪ੍ਰਭੂ ਦੀ ਮਹਿਮਾ ਕਰੋ**

(ਉਸਤਤ) ਲਈ ਗਾਣੇ ਗਾਉਣ ਦੇ ਸਮੇ ਦੀ ਯੋਜਨਾ ਬਣਾਉ

ਉਨ੍ਹਾਂ ਗਤੀਵਿਧੀਆਂ ਨੂੰ ਚੁਣੋ, ਜਿਹੜੀਆਂ ਲੋਕਾਂ ਦੀਆਂ ਜਰੂਰਤਾਂ ਪੂਰੀਆ ਕਰ ਸਕਣ।

ਦੱਸੋ ਜਾ ਨਾਟਕ ਕਰਕੇ ਦਿਖਾਉ, ਮਸ਼ੀਹ ਯੀਸ਼ੂ ਦੇ ਜੀਅ ਉੱਠਣ ਦੇ ਚੇਲਿਆ ਤੇ ਉਨ੍ਹਾਂ ਦਾ ਪਰਗਟ ਹੋਣਾ ਅਤੇ ਸਮਝਾਉ ਜਿਹੜਾ ਤੁਸੀਂ ਲੂਕਾ ਦੀ ਇੰਜੀਲ 24 (ਭਾਗ) ਵਿੱਚ ਪਾਇਆ ਸੀ।

ਜਿਹੜਾ ਤੁਸੀਂ ਪਾਇਆ ਸੀ, ਉਹਦੇ ਬਾਰੇ ਪ੍ਰਸ਼ਨ ਪੁੱਛੋ ਕਿ ਬੱਚਿਆਂ ਨੇ ਵੱਡਿਆਂ ਦੇ ਸਾਮਹਣੇ ਨਾਟਕ, ਕਵਿਤਾ ਅਤੇ ਪ੍ਰਸ਼ਨ ਵਿਖਾਏ, ਜਿਹੜਾ ਉਨਾ ਨੇ ਤਿਆਰ ਕੀਤੇ ਸਨ।

ਵਿਸ਼ਵਾਸੀ ਨੂੰ ਤਿਆਰ ਕਰੋ, ਕਿ ਇੱਕ ਸਧਾਰਣ ਜਿਹਾ ਅਤੇ ਸ਼ਕਤੀਸ਼ਾਲੀ ਸੰਦੇਸ਼, ਗੈਰ ਕੌਮਾ ਦੇ ਕੋਲ ਲੈਕੇਜਾਣ ਲੀ ਜਿਸ ਤਰ੍ਹਾਂ ਦੀ ਤਸਵੀਰ ਉੱਧਰ ਅਤੇ ਹੇਠਾ ਹੈ।

**''ਜਰੂਰਤ ਹੈ ਦੋ ਚੀਜਾਂ ਬਾਰੇ ਜਾਣਨ ਅਤੇ ਕਰਨ ਦੀ''**

## ਜਾਣੋ

1. ਤੁਹਾਡੇ ਸ਼ਰਮ ਨਾਲ ਭਰੇ ਕੰਮਾਂ ਦੇ ਕਾਰਣ, ਪ੍ਰਭੂ ਤੁਹਾਨੂੰ ਨਰਕ ਵਿੱਚ ਭੇਜ ਦੇਵੇਗਾ।
2. ਤੁਹਾਡੇ ਇਸ ਸ਼ਰਮ ਵਾਲੇ ਕੰਮਾਂ ਦੇ ਕਾਰਣ ਹੀ, ਯਿਸ਼ੂ ਨੂੰ ਸੰਸਾਰ ਵਿਚ ਆਉਣ ਅਤੇ ਸਲੀਬ ਦੀ ਮੌਤ ਸਹਿਣੀ ਪਈ, ਤੇ ਉਹ ਫਿਰ ਸਾਨੂੰ ਮਾਫ ਕਰਨ ਅਤੇ ਸਦਾ ਦਾ ਜੀਵਨ ਦੇਣ ਵਾਸਤੇ ਜਿੰਦਾ ਹੋ ਗਿਆ।

## ਕਰੋ

1. ਤੁਹਾਨੂੰ ਆਪਣੇ ਸ਼ਰਮਨਾਕ ਕੰਮਾ ਤੋ ਪਛਤਾਉਣਾ ਚਾਹੀਦਾ ਹੈ, ਅਤੇ ਉਨ੍ਹਾਂ ਤੌਂ ਮੁੜਨਾ ਚਾਹੀਦਾ ਹੈ।
2. ਤੁਹਾਨੂੰ ਪ੍ਰਭੂ ਯੀਸ਼ੂ ਤੇ ਵਿਸ਼ਵਾਸ ਕਰਨਾ ਚਾਹੀਦਾ ਹੈ, ਜਿਹੜਾ ਮਰਿਆ ਅਤੇ ਤੁਹਾਨੂੰ ਮਾਫੀ ਦੇਣ ਵਾਸਤੇਫਿਰ ਜਿੰਦਾ ਹੋ ਗਿਆ।

ਪ੍ਰਭੂ ਭੋਜ ਦੇ ਬਾਰੇ ਦੱਸਣ ਲਈ ਪੜ੍ਹੋ ਅਤੇ ਦੱਸੋ ਕਿ ਪ੍ਰਭੂ ਯੀਸ਼ੂ ਦਾ ਸਲੀਬ ਤੇ ਮਾਰਿਆ ਜਾਣਾ, ਜਿਹੜਾ ਕਿ ਲੂਕਾ 23:13–48 ਵਿਚ ਪਾਇਆ ਜਾਦਾ ਹੈ

ਕਿ ਵਿਸ਼ਵਾਸੀਆ ਨੇ ਛੋਟੇ ਛੋਟੇ ਸਮੂੰਹ ਬਣਾਏ ਹਨ :

- ਆਪਣੇ ਮਿੱਤਰਾਂ ਅਤੇ ਰਿਸ਼ਤੇਦਾਰਾਂ ਲਈ ਪ੍ਰਾਥਨਾ ਕਰੋ ਕਿ ਉਹ ਬੱਚ ਜਾਣ।
- ਯੋਜਨਾ ਬਣਾਉ ਕਿ ਉਨਾ ਕੋਲ ਕਦੋਂ ਜਾਈਏ।
- ਇੱਕਠੇ ਮਿਲ ਕੇ ਉਨ੍ਹਾਂ ਦੋਹਾਂ ਚੀਜਾ ਬਾਰੇ ਯਾਦ ਕਰੋ ਜਿਹੜੀਆਂ ਲੋਕਾਂ ਨੇ ਜਾਣਨੀਆ ਹਨ ਅਤੇ ਦੋ ਹੋਰ ਉਨ੍ਹਾਂ ਨੇ (ਉੱਪਰ) ਕਰਨੀਆਂ ਹਨ

ਇੱਕਠੇ ਯਾਦ ਕਰੋ ਲੂਕਾ 24:46–48




ਯੀਸ਼ੁ ਇਸ ਸੰਸਾਰ ਵਿੱਚ ਮਨੁੱਖ ਬਣ ਕੇ ਆਇਆ, ਉਸੇ ਸਮੇ ਅਤੇ ਉਸੇ ਜਗ੍ਹਾ ਤੇ ਜਨਮ ਲਿਆ, ਜਿਸਦੀ ਭਵਿੱਖਵਾਣੀ ਧਾਰਮਿਕ ਲੋਕਾ ਨੇ ਬਹੁਤ ਪਹਿਲੇ ਕੀਤੀ ਸੀ।



ਭਲਾਈਆਂ ਕਰਨ, ਰੋਗਿਆ ਨੂੰ ਚੰਗਾ ਕਰਨ, ਭੂਤਾਂ ਨੂੰ ਕੱਢਣ ਅਤੇ ਮੁਰਦਿਆ ਨੂੰ ਫਿਰ ਜਿੰਦਾ ਕਰਨ ਦੁਆਰਾ ਯੀਸ਼ੁ ਨੇ ਇਹ ਦਿਖਾਇਆ ਕਿ ਉਹ ਚੁਣਿਆ ਹੋਇਆ ਹੈ। ਉਹਨੇ ਇਹ ਵੀ ਸਿਖਾਇਆ ਕਿ ਪ੍ਰਭੂ ਨੂੰ ਕਿਵੇ ਜਾਣੀਏਂ।



ਸ਼ੈਤਾਨੀ ਧਾਰਮਿਕ ਗੁਰੂਆ ਨੇ ਯੀਸ਼ੁ ਨੂੰ ਨੀਵਾਂ ਵਿਖਾਇਆ ਅਤੇ ਸ਼ੈਤਾਨ, ਗੈਰ ਕੌਮਾਂ ਨੇ, ਉਹਨੂੰ ਲਕੜੀ ਦੀ ਸਲੀਬ ਉੱਤੇ ਕਿੱਲਾਂ, ਠੋਕ ਕੇ ਮਾਰਿਆ, ਜਿਥੇ ਉਹਦੀ ਮੌਤ ਹੋਈ।



ਰੋਮੀ ਅਧਿਕਾਰਿਆਂ ਨੇ ਯਿਸ਼ੂ ਦੇ ਮਿੱਤਰਾਂ ਨੂੰ ਉਹ ਲਾਸ਼ ਕਬਰ ਵਿੱਚ ਰੱਖਣ ਦੀ ਇਜਾਜਤ ਦੇ ਦਿੱਤੀ। ਰੋਮੀ ਸੂਬੇਦਾਰ ਨੇ ਲੋਕਾਂ ਨੂੰ ਉਸ ਜਗਾ ਤੋਂ ਦੂਰ ਰੱਖਣ ਵਾਸਤੇ ਸਿਪਾਹਿਆਂ ਨੂੰ ਖੜਾ ਕਰ ਦਿੱਤਾ।



ਤਿੰਨ ਦਿਨਾ ਤੋਂ ਬਾਦ ਯੀਸ਼ੁ ਮੁਰਦਿਆ ਵਿੱਚੋਂ ਜਿੰਦਾ ਹੋ ਗਿਆ, ਅਤੇ ਉਸਨੇ ਬਹੁਤ ਸਾਰੇ ਲੋਕਾਂ ਨੂੰ ਦਰਸ਼ਣ ਦਿੱਤੇ । ਉਸ ਨੇ ਹਰ ਜਗਾ ਦੇ ਮਨੁੱਖਾਂ ਨੂੰ, ਆਪਣੇ ਰਾਹ ਬਦਲਣ ਲਈ ਅਤੇ ਉਹਦੇ ਉੱਤੇ ਵਿਸ਼ਵਾਸ ਕਰਨ ਕਿਹਾ ਕਿ ਉਹ ਸਭਨਾ ਦੇ ਪਾਪਾਂ ਨੂੰ ਮਾਫ ਕਰੇਗਾ ਅਤੇ ਉਨ੍ਹਾਂ ਨੂੰ ਸਦਾ ਦਾ ਜੀਵਨ ਦੇਵੇਗਾ।

Copyright 2004 © by Paul-Timothy. May be freely copied. Download from www.Paul-Timothy.net